**SET-1**

**Series *SGN***

ਕੋਡ ਨੰ. ***221/1***

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **11** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **27** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **11** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **27** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਰਾਜਨੀਤੀ ਵਿਗਿਆਨ

## (ਪੰਜਾਬੀ ਉਲਥਾ)

# POLITICAL SCIENCE

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 100*

*Time allowed : 3 hours* | *Maximum Marks : 100*

***ਵਿਆਪਕ ਨਿਰਦੇਸ਼ :***

*(i)* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(ii)* *ਪ੍ਰਸ਼ਨ ਸੰਖਿਆ* ***1 – 5*** *ਤਕ ਹਰ ਇਕ ਪ੍ਰਸ਼ਨ* ***ਇਕ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***20*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(iii)* *ਪ੍ਰਸ਼ਨ ਸੰਖਿਆ* ***6 – 10*** *ਤਕ ਹਰ ਇਕ ਪ੍ਰਸ਼ਨ* ***ਦੋ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***40*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(iv)* *ਪ੍ਰਸ਼ਨ ਸੰਖਿਆ* ***11 – 16*** *ਤਕ ਹਰ ਇਕ ਪ੍ਰਸ਼ਨ* ***ਚਾਰ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***100*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ* ***17 – 21*** *ਤਕ ਹਰ ਇਕ ਪ੍ਰਸ਼ਨ* ***ਪੰਜ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***150*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vi)* *ਪ੍ਰਸ਼ਨ ਸੰਖਿਆ* ***21*** *ਮਾਨਚਿੱਤਰ ਆਧਾਰਿਤ ਪ੍ਰਸ਼ਨ ਹੈ । ਉੱਤਰ ਆਪਣੀ ਉੱਤਰ ਪੁਸਤਿਕਾ ਵਿਚ ਲਿੱਖੋ ।*

*(vii)* *ਪ੍ਰਸ਼ਨ ਸੰਖਿਆ* ***22 – 27*** *ਤਕ ਹਰ ਇਕ ਪ੍ਰਸ਼ਨ* ***ਛੇ*** *ਅੰਕ ਦਾ ਹੈ । ਇਨ੍ਹਾਂ ਵਿਚੋਂ ਹਰ ਇਕ ਪ੍ਰਸ਼ਨ ਦਾ ਉੱਤਰ* ***150*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

**1.** ਠੰਢੀ ਜੰਗ ਦੇ ਸਮੇਂ ਦੇ ਦੌਰਾਨ ਸੰਯੁਕਤ ਰਾਜ ਅਮਰੀਕਾ ਅਤੇ ਸੋਵਿਅਤ ਸੰਘ ਦੀਆਂ ਵਿਚਾਰਧਾਰਾਵਾਂ ਵਿਚ ਕੋਈ ਇਕ ਅੰਤਰ ਸਪਸ਼ਟ ਕਰੋ । *1*

2. ਅਮਰੀਕੀ ਚੌਧਰ ਦੀ ਰੁਕਾਵਟ ਦੇ ਰੂਪ ਵਿਚ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ '*ਸਚ*' ਹੈ ? *1*

(a) ਰੂਸ ਦੀ ਵਧਦੀ ਹੋਈ ਤਾਕਤ ।

(b) ਸੰਸਾਰ ਵਿਚ ਫੈਲਿਆ ਹੋਇਆ ਆਤੰਕਵਾਦ ।

(c) ਅਮਰੀਕਾ ਰਾਜ ਦਾ ਆਪਣਾ ਸੰਸਥਾਪਕ ਢਾਂਚਾ ।

(d) ਇਕ ਨਵੀਂ ਆਰਥਿਕ ਸ਼ਕਤੀ ਦੇ ਰੂਪ ਵਿਚ ਭਾਰਤ ਦਾ ਉਭਰਨਾ ।

3. 1975 ਵਿਚ ਲਗਾਏ ਗਏ ਰਾਸ਼ਟਰੀ ਅਪਾਤਕਾਲ ਨੂੰ ਲੋਕਾਂ ਰਾਹੀਂ ਨਾ ਪਸੰਦ ਕਰਨ ਦੇ ਲਈ ਜ਼ੁੰਮੇਵਾਰ ਕਿਸੇ ਇਕ ਕਾਰਨ ਦੀ ਪਛਾਣ ਕਰੋ । *1*

4. ਜਨ ਅੰਦੋਲਨਾਂ ਦੇ ਕਿਸੇ ਇਕ ਲਾਭ ਉਪਰ ਰੋਸ਼ਨੀ ਪਾਓ । *1*

5. 'ਚਿਪਕੋ ਅੰਦੋਲਨ' ਦਾ ਇਹ ਨਾਮ ਕਿਵੇਂ ਪਿਆ ? *1*

6. ਸ਼ਾਕ ਥੈਰੇਪੀ ਦੇ ਕਿਸੇ ਦੋ ਨਤੀਜਿਆਂ ਦਾ ਅਨੁਮਾਨ ਲਗਾਓ । *1×2=2*

7. ਕੋਈ ਦੋ ਉਦਾਹਰਣ ਦੇ ਕੇ ਇਹ ਦਰਸਾਓ ਕਿ ਵਿਸ਼ਵੀਕਰਣ ਨੇ ਸਾਡੇ ਖਾਣੀ-ਪੀਣ ਦੀਆਂ ਆਦਤਾਂ ਨੂੰ ਪ੍ਰਭਾਵਤ ਕੀਤਾ ਹੈ । *1×2=2*

8. ਵਾਤਾਵਰਨ ਸੰਬੰਧੀ ਕਿਸੇ ਦੋ ਮੁਦਿੱਆਂ ਦਾ ਵਰਣਨ ਕਰੋ ਜੋ ਕਿ ਸੰਸਾਰ ਭਰ ਦੀ ਰਾਜਨੀਤੀ ਦੀ ਚਿੰਤਾ ਦਾ ਵਿਸ਼ਾ ਬਣ ਚੁਕੇ ਹਨ । *1×2=2*

**9.** ਕਾਲਮ 'A' ਵਿਚ ਦਿੱਤੇ ਗਏ ਤੱਥਾ ਦਾ ਕਾਲਮ 'B' ਵਿਚ ਦਿੱਤੇ ਗਏ ਤੱਥਾਂ ਨਾਲ ਅਰਥਪੂਰਨ ਮਿਲਾਨ ਕਰੋ :

| | *ਕਾਲਮ 'A'* | | *ਕਾਲਮ 'B'* |
|---|---|---|---|
| (a) | ਦੋ–ਰਾਸ਼ਟਰ ਸਿਧਾਂਤ ਦੇ ਪਰਸਤਵਾਕ ਨੇਤਾ | (i) | ਸੁਕੁਮਾਰ ਸੇਨ |
| (b) | 1952 ਵਿਚ ਅਲਗ ਰਾਜ ਮੰਗ ਕਰਨ ਵਾਲੇ | (ii) | ਐਮ.ਏ. ਜਿੱਨਾ |
| (c) | ਭਾਰਤ ਦਾ ਪੈਹਲਾ ਚੋਣ ਕਮਿਸ਼ਨਰ | (iii) | ਸੀ. ਰਾਜਗੋਪਾਲਾਚਾਰੀ |
| (d) | ਸਵਤੰਤਰ ਪਾਰਟੀ ਦੇ ਸੰਸਥਾਪਕ | (iv) | ਪੋੱਟੀ ਸ੍ਰੀਰਾਮੁੱਲੂ |

*$\frac{1}{2} \times 4 = 2$*

**10.** ਤੁਹਾਡੇ ਵਿਚਾਰ ਅਨੁਸਾਰ ਭਾਰਤ ਰਾਹੀਂ ਗੁਟਨਿਰਪੇਖਤਾ ਦੀ ਨੀਤੀ ਨੂੰ ਚੁਣਨਾ ਕਿਸ ਹਦ ਤਕ ਉੱਚਤ ਹੈ ? *2*

**11.** ਯੂਰੋਪੀ ਸੰਘ ਨੂੰ ਪ੍ਰਭਾਵਸ਼ਾਲੀ ਸੰਗਠਨ ਬਨਾਉਣ ਵਾਲੇ ਕਿਸੇ ਚਾਰ ਕਾਰਕਾਂ ਦੀ ਵਿਆਖਿਆ ਕਰੋ । *1×4=4*

**12.** ਕਿਹੜੀਆਂ ਦੋ ਮੁੱਖ ਉਮੀਦਾਂ ਨੂੰ ਸਾਮ੍ਹਣੇ ਰਖ ਕੇ 1945 ਵਿਚ ਸੰਯੁਕਤ ਰਾਸ਼ਟਰ ਦੀ ਸਥਾਪਨਾ ਕੀਤੀ ਗਈ ਸੀ ? ਸੰਯੁਕਤ ਰਾਸ਼ਟਰ ਦੇ ਕਿਸੇ ਦੋ ਅੰਗਾਂ ਅਤੇ ਏਜੰਸੀਆਂ ਦਾ ਬਿਓਰਾ ਦਿਓ । *2+2=4*

**13.** ਪੈਹਲੀ ਅਤੇ ਦੂਜੀ ਪੰਜਵਰਸ਼ੀ ਯੋਜਨਾਵਾਂ ਦੇ ਉਦੇਸ਼ਾਂ ਅਤੇ ਪ੍ਰਾਪਤੀਆਂ ਦੀ ਤੁਲਨਾ ਕਰੋ । ਸਿੱਟਾ ਕਢੋ ਕਿ ਇਹਨਾਂ ਦੋਹਾਂ ਵਿਚੋਂ ਕਿਹੜੀ ਯੋਜਨਾ ਨੇ ਭਾਰਤ ਦੇ ਵਿਕਾਸ ਨੂੰ ਇਕ ਨਵਾਂ ਮੋੜ ਦਿੱਤਾ । *3+1=4*

**14.** ਭਾਰਤ ਦੀ ਪਰਮਾਣੂ ਨੀਤੀ ਦੀ ਵਿਆਖਿਆ ਕਰੋ । *4*

**15.** 'ਗਠਬੰਧਨ ਦੀਆਂ ਸਰਕਾਰਾਂ ਭਾਰਤ ਵਿਚ ਲੋਕਤੰਤਰ ਦੇ ਲਈ ਵਰਦਾਨ ਸਿੱਧ ਹੋਈਆਂ ਹਨ ।' ਕਥਨ ਦੇ ਪੱਖ ਵਿਚ ਕੋਈ ਦੋ ਢੁਕਵੀਆਂ ਦਲੀਲਾਂ ਲਿਖੋ । *2×2=4*

**16.** ਨਰਮਦਾ ਬਚਾਓ ਅੰਦੋਲਨ ਦੀਆਂ ਕਿਸੇ ਚਾਰ ਮੰਗਾਂ ਦੀ ਸੂਚੀ ਬਣਾਓ । *1×4=4*

**17.** ਹੇਠ ਦਿੱਤੇ ਗਏ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਮਹਾਂਸ਼ਕਤੀਆਂ ਨਾਲ ਜੁੜੇ ਛੋਟੇ ਦੇਸ਼ਾਂ ਨੇ ਆਪਣੇ ਇਨ੍ਹਾਂ ਸ਼ਕਤੀਆਂ ਨਾਲ ਸੰਬੰਧ ਦੀ ਵਰਤੋਂ ਆਪਣੇ ਨਿਜੀ ਹਿੱਤਾ ਲਈ ਕੀਤੀ । ਇਨ੍ਹਾਂ ਦੇਸ਼ਾਂ ਨੂੰ ਸਥਾਨਕ ਵਿਰੋਧੀ ਦੇਸ਼ਾਂ ਦੇ ਖਿਲਾਫ ਸੁਰਖਿਆ ਦਾ ਵਾਇਦਾ ਮਿਲਿਆ, ਹਥਿਆਰ ਅਤੇ ਆਰਥਿਕ ਸਹਾਇਤਾ ਮਿਲੀ । ਇਨ੍ਹਾਂ ਦੇਸ਼ਾਂ ਦੀ ਆਪਣੇ ਗਵਾਂਢੀ ਦੇਸ਼ਾਂ ਦੇ ਨਾਲ ਹੋੜ ਸੀ । ਮਹਾਂਸ਼ਕਤੀਆਂ ਦੀ ਅਗਵਾਈ ਹੇਠ ਗਠਬੰਧਨ (ਗੁਟ) ਦੀ ਵਿਵਸਥਾ ਨਾਲ ਪੂਰੀ ਦੁਨਿਆਂ ਦੇ ਦੋ ਖੇਮਿਆਂ ਵਿਚ ਵੰਡੇ ਜਾਣ ਦਾ ਖਤਰਾ ਪੈਦਾ ਹੋ ਗਿਆ ।

(i) ਇਸ ਪੈਰੇ ਵਿਚ ਦਰਸਾਈਆਂ ਦੋ ਮਹਾਂਸ਼ਕਤੀਆਂ ਦੇ ਨਾਮ ਲਿੱਖੋ ।

(ii) ਗਠਬੰਧਨ (ਗੁਟ) ਦੀ ਵਿਵਸਥਾ ਦੇ ਛੋਟੇ ਦੇਸ਼ਾਂ ਨੂੰ ਆਪਣੇ ਗਵਾਂਢੀ ਦੇਸ਼ਾਂ ਤੋਂ ਸੁਰਖਿਆ ਦਾ ਵਾਇਦਾ ਕਿਵੇਂ ਦਿੱਤਾ ?

(iii) ਮਹਾਂਸ਼ਕਤੀਆਂ ਰਾਹੀਂ ਛੋਟੇ ਦੇਸ਼ਾਂ ਨੂੰ ਆਪਣੇ ਗਠਬੰਧਨ (ਗੁਟ) ਵਿਚ ਸ਼ਾਮਿਲ ਕਰਨ ਦੇ ਕੋਈ ਦੋ ਕਾਰਨ ਸਪਸ਼ਟ ਕਰੋ । *1+2+2=5*

18. ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਭਾਸ਼ਾ ਅਨੁਸਾਰ ਰਾਜਾਂ ਦੀ ਨਵੀਂ ਬਣਤਰ ਕਰਕੇ ਵੱਖਵਾਦ ਦੇ ਸਿਧਾਂਤ ਨੂੰ ਮਨਜ਼ੂਰੀ ਮਿਲੀ । ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਭਾਰਤ ਨੇ ਲੋਕਤੰਤਰ ਅਪਣਾਇਆ ਹੈ ਤਾਂ ਇਸਦਾ ਇਹ ਮਤਲਬ ਨਹੀਂ ਹੁੰਦਾ ਹੈ ਕਿ ... ਭਾਰਤ ਵਿਚ ਲੋਕਤੰਤਰੀ ਸੰਵਿਧਾਨ ਉਪਰ ਹੀ ਅਮਲ ਹੁੰਦਾ ਹੈ ਜਾਂ ਭਾਰਤ ਵਿਚ ਚੋਣਾਂ ਕਰਵਾਈਆਂ ਜਾਂਦੀਆਂ ਹਨ । ਭਾਰਤ ਦੇ ਲੋਕਤੰਤਰੀ ਹੋਣ ਦੇ ਹੋਰ ਵੱਡੇ ਅਰਥ ਹਨ । ਲੋਕਤੰਤਰ ਨੂੰ ਚੁਣਨ ਦਾ ਅਰਥ ਸੀ ਵਖੇਵਿਆ ਨੂੰ ਪਛਾਣਨਾ ਅਤੇ ਉਨ੍ਹਾਂ ਨੂੰ ਸਵਿਕਾਰ ਕਰਨਾ । ਨਾਲ ਹੀ ਇਹ ਵੀ ਮੰਨ ਕੇ ਚਲਣਾ ਕਿ ਵਖੇਵਿਆਂ ਵਿਚ ਆਪਸੀ ਵਿਰੋਧ ਵੀ ਹੋ ਸਕਦੇ ਹਨ ।

(i) ਭਾਰਤ ਵਿਚ ਲੋਕਾਂ ਦੇ ਸਭਿਆਚਾਰਕ ਜੀਵਨ ਵਿਚਲੇ ਵਖੇਵਿਆਂ ਦੇ ਕਿਸੇ ਦੋ ਰੂਪਾਂ ਦੀ ਪਛਾਣ ਕਰੋ ।

(ii) ਕਿਸੇ ਦੋ ਉਦਾਹਰਣਾਂ ਰਾਹੀਂ ਦਰਸਾਓ ਕਿ ਭਾਰਤ ਵਿਚ ਲੋਕਤੰਤਰ, ਵਿਚਾਰਾਂ ਦੀ ਬਹੁਤਾਤ ਅਤੇ ਵਖੇਵਿਆਂ ਦੀ ਪਰਵਾਨਗੀ ਨਾਲ ਜੁੜਿਆ ਹੋਇਆ ਹੈ ।

(iii) ਲੋਕਤੰਤਰ ਨੂੰ ਮਜ਼ਬੂਤ ਬਨਾਉਣ ਵਿਚ ਚੁਨਾਵ ਦੀ ਭੂਮਿਕਾ ਦਾ ਅਨੁਮਾਨ ਲਗਾਓ ।

*1+2+2=5*

19. ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਲਿੱਖੋ :


ਅਪਾਤਕਾਲ ਵਿਚ ਹਰ ਕੋਈ ਨਾਗਰਕ ਅਧਿਕਾਰਾਂ ਬਾਰੇ ਜ਼ਿਆਦਾ ਸੁਚੇਤ ਹੋਇਆ । ਅਪਾਤਕਾਲ ਦੀ ਸਮਾਪਤੀ ਤੋਂ ਪਿੱਛੋਂ ਅਦਾਲਤਾਂ ਨੇ ਵਿਅਕਤੀ ਦੇ ਨਾਗਰਕ ਅਧਿਕਾਰਾਂ ਦੀ ਸੁਰਖਿਆ ਦੇ ਲਈ ਪਰਭਾਵਸ਼ਾਲੀ ਭੂਮਿਕਾ ਨਿਭਾਈ । ਨਿਆਂਪਾਲਕਾ ਅਪਾਤਕਾਲ ਦੇ ਸਮੇਂ ਨਾਗਰਕ ਅਧਿਕਾਰਾਂ ਦੀ ਕਾਰਗਰ ਤਰੀਕੇ ਨਾਲ ਰਖਿਆਂ ਨਹੀਂ ਕਰ ਸਕੀ ਸੀ ।

(i) 1975 ਵਿਚ ਲਗਾਈ ਅਪਾਤਕਾਲ ਦੇ ਦੌਰਾਨ ਭਾਰਤ ਦੇ ਨਾਗਰਕਾਂ ਦਾ ਕਿਹੜਾ ਮੌਲਿਕ ਅਧਿਕਾਰ ਸਭ ਤੋਂ ਵਧ ਪ੍ਰਭਾਵਤ ਹੋਇਆ ਸੀ ?

(ii) ਅਪਾਤਕਾਲ ਦੇ ਪਿੱਛੋਂ ਨਿਆਂਪਾਲਕਾ ਨੇ ਵਿਅਕਤੀ ਦੇ ਨਾਗਰਕ ਅਧਿਕਾਰਾਂ ਦੀ ਰਖਿਆ ਕਰਨ ਵਿਚ ਕਿਰਿਆਸ਼ੀਲ ਭੂਮਿਕਾ ਨਿਭਾਉਣੀ ਕਿਉਂ ਸੁਰੂ ਕੀਤੀ ?

(iii) ਕੀ 'ਨਾਗਰਕ ਅਧਿਕਾਰਾਂ ਦੇ ਅਧਿਕਾਰ' ਉਪਰ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ ? ਆਪਣੇ ਉੱਤਰ ਦੇ ਪੱਖ ਵਿਚ ਕੋਈ ਇਕ ਢੁਕਵੀਂ ਦਲੀਲ ਦਿਓ । *1+2+2=5*

**20.** ਹੇਠ ਦਿੱਤੇ ਹੋਏ ਕਾਰਟੂਨ ਦਾ ਧਿਆਨ ਨਾਲ ਅਧਿਐਨ ਕਰੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :




(i) ਇਸ ਕਾਰਟੂਨ ਨਾਲ ਸੰਬੰਧਤ ਦਰਸਾਏ ਦੇਸ਼ ਨੂੰ ਪਛਾਣੋ ।

(ii) ਇਸ ਦੇਸ਼ ਵਿਚ ਚਲ ਰਹੀ ਸ਼ਾਸ਼ਨ ਪ੍ਰਣਾਲੀ ਦਾ ਮੁਲੰਕਣ ਕਰੋ ।

(iii) ਭਾਰਤ ਦੀ ਸ਼ਾਸ਼ਨ ਵਿਵਸਥਾ ਕਾਰਟੂਨ ਨਾਲ ਸੰਬੰਧਤ ਦੇਸ਼ ਦੀ ਸ਼ਾਸਨ ਵਿਵਸਥਾ ਤੋਂ ਕਿਸ ਪ੍ਰਕਾਰ ਵਖ ਹੈ । *1+2+2=5*

***ਨੋਟ:*** *ਹੇਠ ਲਿਖਿਆ ਪ੍ਰਸ਼ਨ* ***ਕੇਵਲ ਦ੍ਰਿਸ਼ਟੀਹੀਨ ਪ੍ਰੀਖਿਆਰਥੀਆਂ*** *ਲਈ ਪ੍ਰਸ਼ਨ ਸੰਖਿਆ* ***20*** *ਦੇ ਸਥਾਨ ਤੇ ਹੈ :*

(20.1) ਬੰਗਲਾਦੇਸ਼ ਕਦੋਂ ਤੋਂ ਕਦੋਂ ਤਕ ਪਾਕਿਸਤਾਨ ਦਾ ਇਕ ਭਾਗ ਸੀ ? ਵਰਣਨ ਕਰੋ ।

(20.2) ਭਾਰਤ ਅਤੇ ਚੀਨ ਦੇ ਦਰਮਿਆਨ ਝਗੜੇ ਦੇ ਕਿਸੇ ਦੋ ਮੁਦਿੱਆਂ ਤੇ ਰੋਸ਼ਨੀ ਪਾਓ ।

(20.3) 'ਸਾਰਕ' (ਦਕਸ਼ੇਸ) ਦੇ ਕਿਸੇ ਚਾਰ ਸਦੱਸ ਦੇਸ਼ਾਂ ਦੇ ਨਾਮ ਲਿੱਖੋ । *1+2+2=5*

**21.** **ਭਾਰਤ** ਦੇ ਦਿੱਤੇ ਗਏ ਰਾਜਨੀਤਕ ਰੇਖਾ ਮਾਨਚਿੱਤਰ ਵਿਚ ਪੰਜ ਰਾਜਾਂ ਨੂੰ Ⓐ, Ⓑ, Ⓒ, Ⓓ ਅਤੇ Ⓔ ਰਾਹੀਂ ਦਰਸਾਇਆ ਗਿਆ ਹੈ । ਹੇਠ ਦਿੱਤੀ ਜਾਣਕਾਰੀ ਦੀ ਸਹਾਇਤਾ ਨਾਲ ਇਨ੍ਹਾਂ ਨੂੰ ਪਹਿਚਾਣੋ ਅਤੇ ਇਨ੍ਹਾਂ ਦੇ ਸਹੀ ਨਾਮ, ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ ਅਤੇ ਸੰਬੰਧਤ ਅੱਖਰ, ਹੇਠ ਦਿੱਤੀ ਸਾਰਣੀ ਦੇ ਅਨੁਸਾਰ ਆਪਣੀ ਉੱਤਰ ਪੁਸਤਕ ਵਿਚ ਲਿੱਖੋ :

| ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ | ਸੰਬੰਧਤ ਅੱਖਰ | ਰਾਜ ਦਾ ਨਾਮ |
|---|---|---|
| (i) | | |
| (ii) | | |
| (iii) | | |
| (iv) | | |
| (v) | | |

(i) ਉਹ ਰਾਜ ਜਿਹੜਾ 1947 ਦੀ ਵੰਡ ਦੇ ਸਮੇਂ ਵੰਡੇ ਜਾਣ ਪਿਛੋਂ ਹੋਂਦ ਵਿਚ ਆਇਆ ।

(ii) ਉਹ ਦੇਸੀ ਰਿਆਸਤ ਜਿਸਦੇ ਸ਼ਾਸਕ ਨੇ ਭਾਰਤ ਦੇ ਵਿਚ ਵਿਲੀਨਤਾ ਦਾ ਵਿਰੋਧ ਕੀਤਾ ਸੀ ।

(iii) ਉਹ ਰਾਜ ਜਿੱਥੇ ਭਾਰਤ ਦੇ ਪੈਹਲੇ ਆਮ ਚੁਣਾਵ ਸਮੇਂ ਵੀ ਕਾਂਗਰੇਸ ਪਾਰਟੀ ਬਹੁਮਤ ਲੈਣ ਵਿਚ ਅਸਮਰਥ ਰਹੀ ।


(iv) ਭਾਰਤ ਦਾ 29ਵਾਂ ਰਾਜ ।

(v) ਉਹ ਰਾਜ ਜਿਹੜਾ 1966 ਵਿਚ ਹੋਂਦ ਵਿਚ ਆਇਆ । *1×5=5*

ਪ੍ਰਸ਼ਨ ਸੰ. 21 ਦੇ ਲਈ

## ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

## Outline Map of India (Political)



***ਨੋਟ:*** *ਹੇਠ ਲਿਖਿਆ ਪ੍ਰਸ਼ਨ* ***ਕੇਵਲ ਦ੍ਰਿਸ਼ਟੀਹੀਨ ਪ੍ਰੀਖਿਆਰਥੀਆਂ*** *ਲਈ ਪ੍ਰਸ਼ਨ ਸੰਖਿਆ* ***21*** *ਦੇ ਸਥਾਨ ਤੇ ਹੈ :*

(21.1) ਭਾਰਤ ਦੇ ਪੱਛਮ ਵਿਚ ਕਿਹੜਾ ਰਾਜ 1947 ਦੀ ਵੰਡ ਦੇ ਸਮੇਂ ਵੰਡਿਆ ਗਿਆ ਸੀ ?

(21.2) ਕਿਸ ਦੇਸੀ ਰਿਆਸਤ ਦੇ ਨਿਜ਼ਾਮ ਨੇ ਭਾਰਤੀ ਸੰਘ ਵਿਚ ਆਪਣੀ ਵਿਲੀਨਤਾ ਦਾ ਵਿਰੋਧ ਕੀਤਾ ਸੀ ?

(21.3) 1952 ਵਿਚ ਭਾਰਤ ਦੇ ਪਹਿਲੇ ਆਮ ਚੁਣਾਵਾਂ ਸਮੇਂ ਕਾਂਗਰੇਸ ਕਿਹੜੇ ਰਾਜ ਵਿਚ ਬਹੁਮਤ ਪ੍ਰਾਪਤ ਨਹੀਂ ਕਰ ਸਕੀ ਸੀ ?

(21.4) ਭਾਰਤ ਦੇ 29ਵੇਂ ਰਾਜ ਦਾ ਨਾਮ ਲਿੱਖੋ ।

(21.5) 1966 ਵਿਚ ਬਣਾਏ ਗਏ ਇਕ ਰਾਜ ਦਾ ਨਾਮ ਲਿੱਖੋ । *1×5=5*

**22.** ਸੋਵਿਯਤ ਸੰਘ ਟੁੱਟਣ ਦੇ ਲਈ ਜੁਮੇਵਾਰ ਕਿਸੇ ਛੇ ਕਾਰਨਾਂ ਦੀ ਵਿਆਖਿਆ ਕਰੋ । *1×6=6*

**ਜਾਂ**

ਠੰਢੀ ਜੰਗ ਨੂੰ ਹਥਿਆਰਾਂ ਦੀ ਹੋੜ ਦੇ ਨਾਲ ਨਾਲ ਹਥਿਆਰਾਂ ਉਪਰ ਕਾਬੂ ਦੇ ਵਲ ਲਿਜਾਉਣ ਵਾਲੇ ਕਿਸੇ ਤਿੰਨ ਕਾਰਨਾਂ ਦੀ ਵਿਆਖਿਆ ਕਰੋ । *2×3=6*

**23.** ਸੈਨਿਕ ਸ਼ਕਤੀ ਦੇ ਰੂਪ ਵਿਚ ਅਮਰੀਕੀ ਚੌਧਰ ਦਾ ਵਿਸ਼ਲੇਸ਼ਣ ਕਰੋ । *6*

**ਜਾਂ**

ਪਾਕਿਸਤਾਨ ਵਿਚ ਲੋਕਤੰਤਰ ਦੀ ਕਾਰਜ ਪ੍ਰਣਾਲੀ ਦਾ ਵਿਸ਼ਲੇਸ਼ਣ ਕਰੋ । *6*

**24.** ਸੰਯੁਕਤ ਰਾਸ਼ਟ੍ਰ ਸੁਰਖਿਆ ਪਰੀਸ਼ਦ ਦੇ ਸੰਗਠਨਾਤਮ ਢਾਂਚੇ ਅਤੇ ਇਸਦੀ ਕਾਰਜ ਪ੍ਰਣਾਲੀ ਦਾ ਬਿਓਰਾ ਦਿਓ । *3+3=6*

**ਜਾਂ**

ਸੁਰਖਿਆ ਦੇ ਖਤਰੇ ਦੇ ਕਿਸੇ ਤਿੰਨ ਨਵੇਂ ਸਰੋਤਾਂ ਦਾ ਬਿਓਰਾ ਦਿਓ । *2×3=6*

**25.** ਵਾਤਾਵਰਨ ਦੀ ਰਖਿਆ ਦੇ ਲਈ ਕੋਈ ਅਜੇਹੇ ਚਾਰ ਕਦਮ ਸੁਝਾਓ ਜਿਨ੍ਹਾਂ ਨੂੰ ਭਾਰਤ ਸਰਕਾਰ ਰਾਹੀਂ ਇਕਦਮ ਚੁਕਿਆ ਜਾਣਾ ਚਾਹੀਦਾ ਹੈ । $1\frac{1}{2}\times4=6$

**ਜਾਂ**

ਅਜੇਹੇ ਕੋਈ ਚਾਰ ਕਦਮ ਸੁਝਾਓ ਜਿਹੜੇ ਭਾਰਤੀ ਸਭਿਆਚਾਰ ਨੂੰ ਸੰਸਾਰਕ ਸਤਰ ਤੇ ਹਰਮਨ ਪਿਆਰਾ ਬਨਾਉਣ ਦੇ ਲਈ ਭਾਰਤ ਸਰਕਾਰ ਰਾਹੀਂ ਚੁਕਿਆ ਜਾਣਾ ਚਾਹੀਦਾ ਹੈ । $1\frac{1}{2}\times4=6$

**26.** 1977 ਵਿਚ ਅਪਾਤਕਾਲ ਖਤਮ ਹੋ ਜਾਣ ਤੋਂ ਪਿੱਛੋਂ ਭਾਰਤ ਵਿਚ ਘਟੀਆਂ ਕਿਸੇ ਤਿੰਨ ਮੁੱਖ ਰਾਜਨੀਤਕ ਘਟਨਾਵਾਂ ਦਾ ਵਰਣਨ ਕਰੋ । $2\times3=6$

**ਜਾਂ**

ਅਜੇਹੀਆਂ ਕਿਸੇ ਤਿੰਨ ਮੁੱਖ ਘਟਨਾਵਾਂ ਦਾ ਵਰਣਨ ਕਰੋ ਜਿਨ੍ਹਾਂ ਦੇ ਨਤੀਜੇ ਦੇ ਤੌਰ ਤੇ 1969 ਵਿਚ ਕਾਂਗਰੇਸ ਪਾਰਟੀ ਦੀ ਉਪਚਾਰਕ ਵੰਡ ਹੋਈ ਸੀ । $1\frac{1}{2}\times4=6$

**27.** ਸੈਹਮਤੀ ਦੇ ਅਜੇਹੇ ਕਿਸੇ ਤਿੰਨ ਮੁਦਿਆਂ ਨੂੰ ਉਜਾਗਰ ਕਰੋ ਜਿਹੜੇ ਇਹ ਦਰਸਾਣ ਕਿ ਤਿਖੀ ਪ੍ਰਤੀਯੋਗਤਾ ਅਤੇ ਕਸ਼ਮਕਸ਼ ਦੇ ਦਰਮਿਆਨ ਵਧੇਰੇ ਰਾਜਨੀਤਕ ਦਲਾਂ ਵਿਚ ਆਮ ਸੈਹਮਤੀ ਉਭਰੀ ਹੈ । $2\times3=6$

**ਜਾਂ**

ਭਾਰਤ ਦੀ ਰਾਸ਼ਟਰੀ ਅਖੰਡਤਾ ਅਤੇ ਏਕਤਾ ਨੂੰ ਮਜਬੂਤ ਬਨਾਉਣ ਦੇ ਲਈ ਅਜੇਹੇ ਤਿੰਨ ਉਪਾ ਸੁਝਾਓ ਜਿਹੜੇ ਤੁਹਾਡੀ ਸਲਾਹ ਮੁਤਾਬਿਕ ਬਹੁਤ ਹੀ ਪ੍ਰਭਾਵਸ਼ਾਲੀ ਹਨ । $2\times3=6$